# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 2256 ਮਿਤੀ: 02/8/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 01/08/2023 ਨੂੰ ਪਾਸ ਕੀਤੇ ਗਏ ਹੁਕਮਾ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 55, 56 ਮਿਤੀ 01/08/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 2257-2260 ਮਿਤੀ: 02/8/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

O/C

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 - Fax: 01824-223260 -
Website: www.mcphagwara.com Email: comm.mcpgr@punjab.gov.in

ਮਿਤੀ 01/08/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 55<br>01/08/2023 | ਰਿਪੋਰਟ ਵੱਲੋ ਬਿਲਡਿੰਗ ਸ਼ਾਖਾ ਕਿ ਨਗਰ ਨਿਗਮ, ਫਗਵਾੜਾ ਦੀਆਂ ਸੜਕਾਂ ਮਤਾ ਨੰ.07 ਮਿਤੀ 10/02/2023 ਅਤੇ ਮਤਾ ਨੰ. 35 ਮਿਤੀ 06/06/2018 ਰਾਹੀਂ ਕਾਰੋਬਾਰੀ ਘੋਸ਼ਿਤ ਕਰਨ ਨਾਲ ਸਬੰਧਤ ਹੈ। ਨਗਰ ਨਿਗਮ ਵੱਲੋਂ ਪਹਿਲਾਂ ਸਕੀਮ ਨੰ. 8 ਵਿਚ ਪੈਂਦੀਆ ਸੜਕਾਂ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਮਤਾ ਨੰ. 35 ਮਿਤੀ 06.06.2018 ਪ੍ਰਵਾਨ ਕਰਕੇ ਸਰਕਾਰ ਨੂੰ ਭੇਜਿਆ ਗਿਆ ਸੀ। ਜਿਸ ਅਨੁਸਾਰ ਲੁਧਿਆਣਾ ਤੋਂ ਜਲੰਧਰ ਨੂੰ ਜਾਂਦੇ ਹੋਏ ਜੀ. ਟੀ. ਰੋਡ ਦਾ ਸੱਜਾ ਪਾਸਾ ਅਤੇ ਪਲਾਹੀ ਰੋਡ ਦਾ ਖੱਬਾ ਪਾਸਾ ਨੂੰ ਕਾਰੋਬਾਰੀ ਘੋਸ਼ਿਤ ਕਰਨ ਦੀ ਤਜਵੀਜ ਸੀ।ਇਸ ਉਪਰੰਤ ਪਲਾਹੀ ਰੋਡ ਦਾ ਸੱਜਾ ਪਾਸਾ ਜੋ ਨਗਰ ਸੁਧਾਰ ਟਰੱਸਟ ਦੀ ਵਿਕਾਸ ਸਕੀਮ ਦਾ ਹਿੱਸਾ ਹੈ ਨੂੰ ਵੀ ਕਾਰੋਬਾਰੀ ਘੋਸ਼ਿਤ ਕਰਨ ਦਾ ਫੈਸਲਾ ਕੀਤਾ ਗਿਆ ਸੀ। ਜਿਸ ਸਬੰਧੀ ਨਗਰ ਨਿਗਮ ਵੱਲੋਂ ਪਹਿਲਾਂ ਪ੍ਰਵਾਨਤ ਮਤਾ ਨੰ. 35 ਮਿਤੀ 06.06.2018 ਦੀ ਲਗਾਤਾਰਤਾ ਵਿਚ ਮਤਾ ਨੰ.07 ਮਿਤੀ 10/02/2023 ਪਾਸ ਕਰਕੇ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਇੱਥੇ ਦੱਸਣਯੋਗ ਹੈ ਕਿ ਉਕਤ ਸਬੰਧੀ ਸੀਨੀਅਰ ਨਗਰ ਯੋਜਨਾਕਾਰ (ਸ:ਦ) (ਟਾਊਨ ਪਲੈਨਿੰਗ ਵਿੰਗ), ਸਥਾਨਕ ਸਰਕਾਰ ਵਿਭਾਗ ਜੀ ਦਾ ਪੱਤਰ ਨੰ.ਸੀ.ਟੀ.ਪੀ.(ਸਮ-2023/1619 ਮਿਤੀ 09/06/2023 ਰਾਹੀਂ ਕੁੱਝ ਪ੍ਰੇਖਣ ਲਗਾਏ ਗਏ ਸਨ। ਵਿਸ਼ੇ ਅਧੀਨ ਮਾਮਲੇ ਨੂੰ ਮੁੜ ਵਿਚਾਰਿਆ ਗਿਆ। ਇੱਥੇ ਦੱਸਣਯੋਗ ਹੈ ਕਿ ਪਲਾਹੀ ਰੋਡ ਦੇ ਸੱਜੇ ਪਾਸੇ ਨਗਰ ਸੁਧਾਰ ਟਰੱਸਟ ਦੀ ਵਿਕਾਸ ਸਕੀਮ ਹੋਣ ਕਰਕੇ ਇਸ ਸਬੰਧੀ ਸਕੀਮ ਦੀ ਸੋਧ ਸਬੰਧੀ ਨਗਰ ਸੁਧਾਰ ਟਰੱਸਟ ਤੋਂ ਐਨ.ਓ.ਸੀ. ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ ਉਕਤ ਵਿਕਾਸ ਸਕੀਮ ਵਿਚ ਪਲਾਹੀ ਰੋਡ ਤੇ ਪੈਂਦੀਆਂ ਪ੍ਰਾਪਰਟੀਆਂ ਦਾ ਸਰਵੇ ਕਰਨ ਵਿਚ ਕਾਫੀ ਸਮਾਂ ਲੱਗਣ ਦੀ ਸੰਭਾਵਨਾ ਹੈ। ਇਸ ਲਈ ਯੋਗ ਹੋਵੇਗਾ ਕਿ ਹਾਲ ਦੀ ਘੜੀ ਮਤਾ ਨੰ.07 ਮਿਤੀ 10/02/2023 ਨੂੰ ਰੱਦ ਕਰਦੇ ਹੋਏ ਮਤਾ ਨੰ. 35 ਮਿਤੀ 06.06.2018 ਨੂੰ ਹੀ ਵਿਚਾਰਨਾ ਉਚਿਤ ਹੋਵੇਗਾ। ਪਲਾਹੀ ਰੋਡ ਦੇ ਸੱਜੇ ਪਾਸੇ ਸਬੰਧੀ ਮਾਮਲਾ ਵੱਖਰੇ ਤੌਰ ਤੇ ਵਿਚਾਰਿਆ ਜਾਵੇਗਾ। | ------ | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
-Office: 01824-260426 - Fax: 01824-223260 -
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| | | ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਊਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। **ਉਪਰੋਕਤ ਦੇ ਮੱਦੇਜਨਰ ਜੇਕਰ ਪ੍ਰਵਾਨ ਹੋਵੇ ਤਾਂ ਮਤਾ ਨੰ.07 ਮਿਤੀ 10/02/2023 ਨੂੰ ਰੱਦ ਕਰਕੇ ਮਤਾ ਨੰ. 35 ਮਿਤੀ 06.06.2018 ਦੀ ਤਜਵੀਜ ਨੂੰ ਵਿਚਾਰਨ ਲਈ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਤਜਵੀਜ ਪੇਸ਼ ਹੈ ਜੀ।** | | |
| 2 | 56<br>01/08/2023 | ਰਿਪੋਰਟ ਵੱਲੋ ਨਿਗਰਾਨ ਇੰਜੀਨੀਅਰ ਕਿ ਦਫਤਰ ਨਗਰ ਨਿਗਮ ਫਗਵਾੜਾ ਦੇ ਪੱਤਰ ਨੰਬਰ 1142 ਮਿਤੀ 25-05-2023 ਅਤੇ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਸੀਵਰੇਜ ਬੋਰਡ ਫਗਵਾੜਾ ਜੀ ਦੇ ਪੱਤਰ ਨੰਬਰ 473 ਮਿਤੀ 16-06-2023 ਰਾਹੀ ਮੁਹੱਲਾ ਚਾਚੋਕੀ, ਛੱਜ ਕਲੋਨੀ, ਦਸ਼ਮੇਸ਼ ਨਗਰ ਅਤੇ ਹੋਰ ਵੱਖ-ਵੱਖ ਇਲਾਕਿਆ ਵਿੱਚ 8 ਇੰਚੀ ਸੀਵਰ ਲਾਈਨ ਪਾਉਣ ਲਈ ਬੇਨਤੀ ਪੱਤਰ ਪ੍ਰਾਪਤ ਹੋਏ ਹਨ। ਜਿਸ ਤੋਂ ਬਾਅਦ ਉਕਤ ਜਗ੍ਹਾ ਦਾ ਮੋਕਾ ਦੇਖਿਆ ਗਿਆ ਅਤੇ ਪਾਇਆ ਗਿਆ ਕਿ ਮੁਹੱਲਾ ਚਾਚੋਕੀ ਵਿੱਚ ਸੀਵਰ ਲਾਈਨ ਨਾ ਹੋਣ ਕਾਰਣ ਇਲਾਕਾ ਨਿਵਾਸੀਆ ਨੂੰ ਬਹੁੱਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਮੁਹੱਲਾ ਛੱਜ ਕਲੋਨੀ, ਦਸ਼ਮੇਸ਼ ਨਗਰ ਅਤੇ ਹੋਰ ਵੱਖ-ਵੱਖ ਏਰੀਏ ਵਿੱਚ ਸੀਵਰ ਲਾਈਨ ਡੈਡ ਹੋ ਜਾਣ ਕਾਰਣ ਬਾਰ-ਬਾਰ ਦਫਤਰ ਨਗਰ ਨਿਗਮ ਫਗਵਾੜਾ ਵਿਖੇ ਸ਼ਿਕਾਇਤਾਂ ਆ ਰਹੀਆ ਹਨ। ਇਹਨਾਂ ਸ਼ਿਕਾਇਤਾਂ ਦਾ ਨਿਪਟਾਰਾ ਕਰਣ ਲਈ ਉਕਤ ਜਗ੍ਹਾ ਤੇ ਨਵੀਂ ਸੀਵਰ ਲਾਈਨ ਪਾਉਣੀ ਜਰੂਰੀ ਹੈ। ਇਸ ਜਗ੍ਹਾ ਤੇ ਨਵੀਂ ਸੀਵਰ ਲਾਈਨ ਪਾਏ ਜਾਣ ਲਈ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਤਖਮੀਨੇ ਮੁਤਾਬਕ ਉਕਤ ਜਗ੍ਹਾ ਤੇ ਲਗਭਗ 375 ਮੀਟਰ 8" ਸੀਵਰ ਲਾਈਨ ਪਾਉਣ ਵਿੱਚ ਲਗਭਗ 17.33 ਲੱਖ ਦਾ ਖਰਚ ਆਉਣ ਦੀ ਸੰਭਾਵਨਾ ਹੈ। ਉਕਤ ਕੰਮ ਨੂੰ ਕਰਵਾਉਣ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਊਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ।ਇਸ ਲਈ ਉਕਤ ਕੰਮ ਨੂੰ ਕਰਵਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ------ | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ